## COVID-19 ਵੈਕਸ ਕਾਰਡ/ MyIR Mobile ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

**ਵੈਕਸ ਕਾਰਡ ਕੀ ਹੈ?**

Vax Card (ਵੈਕਸ ਕਾਰਡ) ਤੁਹਾਡੇ COVID-19 ਵੈਕਸੀਨੇਸ਼ਨ ਕੀਤੇ ਜਾਣ ਦਾ ਸਰਕਾਰੀ ਰਿਕਾਰਡ ਹੈ। ਵੈਕਸੀਨੇਸ਼ਨ ਦੇ ਸਮੇਂ, ਤੁਹਾਨੂੰ COVID-19 ਵੈਕਸੀਨੇਸ਼ਨ ਦੀ ਮਿਤੀ ਅਤੇ ਬ੍ਰਾਂਡ ਵਾਲਾ CDC (ਰੋਗ ਨਿਯੰਤ੍ਰਣ ਅਤੇ ਬਚਾਅ ਲਈ ਕੇਂਦਰ) ਕਾਰਡ ਦਿੱਤਾ ਜਾਂਦਾ ਹੈ। ਜੇ ਤੁਹਾਨੂੰ ਕੋਈ ਕਾਰਡ ਪ੍ਰਾਪਤ ਨਹੀਂ ਹੋਇਆ ਜਾਂ ਤੁਸੀਂ ਇਸ ਨੂੰ ਗੁਆ ਦਿੱਤਾ ਹੈ, ਤਾਂ ਇਹ ਸਾਬਤ ਕਰਨ ਦੇ ਹੋਰ ਤਰੀਕੇ ਵੀ ਮੌਜੂਦ ਹਨ ਕਿ ਤੁਹਾਨੂੰ ਟੀਕਾ ਲਗਾਇਆ ਗਿਆ ਹੈ (ਹੇਠਾਂ ਦਿੱਤੇ ਸਵਾਲ ਅਤੇ ਜਵਾਬ ਦੇਖੋ)।

**ਵੈਕਸੀਨੇਸ਼ਨ ਦੇ ਸਰਕਾਰੀ ਰਿਕਾਰਡ ਦਾ ਕੀ ਮਹੱਤਵ ਹੈ?**

ਹੇਠਾਂ ਵੈਕਸੀਨੇਸ਼ਨ ਦੇ ਸਰਕਾਰੀ ਰਿਕਾਰਡਾਂ ਦੇ ਉਦਾਹਰਣ ਦਿੱਤੇ ਹਨ:

- ਲਾਈਫਟਾਈਮ ਵੈਕਸੀਨੇਸ਼ਨ ਰਿਕਾਰਡ/CDC COVID-19 ਵੈਕਸ ਕਾਰਡ
- ਵਾਸ਼ਿੰਗਟਨ ਸਟੇਟ ਵੈਕਸੀਨੇਸ਼ਨ ਸੂਚਨਾ ਪ੍ਰਣਾਲੀ (Immunization Information System) ਪ੍ਰਿੰਟਆਉਟ
- MyIR (ਸਿਰਫ ਅੰਗਰੇਜ਼ੀ ਵਿੱਚ) ਪ੍ਰਿੰਟਆਉਟ (ਜਾਂ ਤਾਂ ਸਕ੍ਰੀਨਸ਼ਾਟ ਜਾਂ ਵੈਕਸੀਨੇਸ਼ਨ ਸਥਿਤੀ ਦਾ ਸਰਟੀਫਿਕੇਟ)
- My IR ਮੋਬਾਈਲ (ਸਿਰਫ ਅੰਗਰੇਜ਼ੀ ਵਿੱਚ) COVID-19 ਵੈਕਸੀਨੇਸ਼ਨ ਸਰਟੀਫਿਕੇਟ
- ਤੁਹਾਡਾ ਇਲੈਕਟ੍ਰਾਨਿਕ ਮੈਡੀਕਲ ਰਿਕਾਰਡ ਪ੍ਰਿੰਟਆਉਟ ਤੁਹਾਡੇ ਮੈਡੀਕਲ ਪ੍ਰਦਾਤਾ ਦੁਆਰਾ ਪ੍ਰਮਾਣਿਤ

ਤੁਸੀਂ ਆਪਣਾ ਖੁੱਦ ਦਾ ਵੈਕਸ ਕਾਰਡ ਨਹੀਂ ਬਣਾ ਸਕਦੇ ਹੋ, ਕਿਉਂਕਿ ਇਹ ਸਰਕਾਰੀ ਰਿਕਾਰਡ ਵਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ। ਸਰਕਾਰੀ ਰਿਕਾਰਡ ਤੁਹਾਡੇ ਮੈਡੀਕਲ ਪ੍ਰਦਾਤਾ ਦੁਆਰਾ, ਜਾਂ ਉਪਰ ਸੂਚੀਬੱਧ MyIR ਸਰਵਿਸ ਪੋਰਟਲਾਂ ਦੁਆਰਾ, ਵੈਕਸੀਨੇਸ਼ਨ ਦੇ ਸਮੇਂ ਮਿਲਣ ਵਾਲਾ ਮੈਡੀਕਲ ਦਸਤਾਵੇਜ਼ ਹੈ।

**ਮੈਨੂੰ ਆਪਣਾ ਵੈਕਸ ਕਾਰਡ ਕਿਵੇਂ ਸਟੋਰ ਕਰਨਾ ਚਾਹੀਦਾ ਹੈ?**

ਤੁਹਾਨੂੰ ਆਪਣਾ ਵੈਕਸ ਕਾਰਡ ਇੱਕ ਸੁਰੱਖਿਅਤ ਜਗ੍ਹਾ 'ਤੇ ਰੱਖਣਾ ਚਾਹੀਦਾ ਹੈ! ਇਸ ਨੂੰ ਇਸ ਤਰ੍ਹਾਂ ਮੰਨੋ ਜਿਵੇਂ ਇਹ ਤੁਹਾਡਾ ਜਨਮ ਸਰਟੀਫਿਕੇਟ ਜਾਂ ਪਾਸਪੋਰਟ ਹੋਵੇ। ਤੁਸੀਂ ਇਸ ਦੀ ਤਸਵੀਰ ਲੈ ਸਕਦੇ ਹੋ, ਇਕ ਫ਼ੋਟੋਕਾਪੀ ਬਣਾ ਸਕਦੇ ਹੋ, ਕਾਪੀ ਨੂੰ ਲੈਮੀਨੇਟ ਕਰ ਸਕਦੇ ਹੋ (ਪਰ ਅਸਲ ਨੂੰ ਨਹੀਂ), ਜਾਂ ਇਹ ਯਕੀਨੀ ਕਰਨ ਲਈ ਹੋਰ ਕਦਮ ਵੀ ਚੁੱਕ ਸਕਦੇ ਹੋ ਕਿ ਤੁਹਾਡੇ ਕੋਲ ਇਸ ਦੀਆਂ ਕਾਪੀਆਂ ਉਪਲਬਧ ਹਨ।

ਆਪਣੇ ਵੈਕਸ ਕਾਰਡ ਦੀ ਸਹੀ ਤਰ੍ਹਾਂ ਸੰਭਾਲ ਕਰਨ ਬਾਰੇ ਵਧੇਰੇ ਸੁਝਾਵਾਂ ਲਈ, ਤੁਸੀਂ ਇਸ ਨੂੰ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਾਂਝਾ ਕਰ ਸਕਦੇ ਹੋ।ਫਲਾਇਰ ਨੂੰ ਆਪਣੀ ਭਾਸ਼ਾ ਵਿੱਚ ਦੇਖਣ ਲਈ ਇੱਥੇ ਕਲਿੱਕ ਕਰੋ: (ਵਰਤਮਾਨ ਵਿੱਚ ਅੰਗਰੇਜ਼ੀ ਅਤੇ ਸਪੈਨਿਸ਼ ਵਿੱਚ ਉਪਲਬਧ ਹੈ।)

**ਮੈਨੂੰ ਆਪਣਾ ਵੈਕਸ ਕਾਰਡ ਆਪਣੇ ਕੋਲ ਕਿਉਂ ਰੱਖਣਾ ਚਾਹੀਦਾ ਹੈ?**

ਤੁਹਾਡਾ ਵੈਕਸ ਕਾਰਡ ਇਹ ਦਿਖਾਉਣ ਦਾ ਆਸਾਨ ਪ੍ਰਮਾਣ ਹੈ ਕਿ ਤੁਹਾਨੂੰ COVID-19 ਦਾ ਟੀਕਾ ਲਗਾਇਆ ਗਿਆ ਹੈ। ਤੁਹਾਨੂੰ ਯਾਤਰਾ ਕਰਨ, ਕੁਝ ਖਾਸ ਸਮਾਗਮਾਂ ਵਿੱਚ ਸ਼ਾਮਲ ਹੋਣ, ਅਤੇ ਭਵਿੱਖ ਵਿੱਚ ਬੂਸਟਰ ਖੁਰਾਕ ਦੀ ਸੰਭਾਵਨਾ ਵਧਾਉਣ ਦੀ ਜਾਣਕਾਰੀ ਦੇ ਰੂਪ ਵਿੱਚ ਵੈਕਸੀਨੇਸ਼ਨ ਦਾ ਪ੍ਰਮਾਣ ਦਿਖਾਉਣ ਦੀ ਜਰੂਰਤ ਹੋ ਸਕਦੀ ਹੈ।

ਵਾਸ਼ਿੰਗਟਨ ਦੇ ਕਈ ਕਾਰੋਬਾਰੀ ਹੁਣ ਉਹ ਲੋਕਾਂ ਲਈ ਭੱਤੇ ਵੀ ਪ੍ਰਦਾਨ ਕਰ ਰਹੇ ਹਨ ਜੋ ਪੂਰੇ ਵੈਕਸੀਨੇਸ਼ਨ ਦਾ ਪ੍ਰਮਾਣਿਤ ਪ੍ਰਮਾਣ ਪ੍ਰਦਾਨ ਕਰ ਰਹੇ ਹਨ। ਇਸ ਵਿੱਚ ਛੋਟ, ਮੁਫਤ ਜਾਂ ਪ੍ਰੋਗਰਾਮਾਂ ਵਿੱਚ ਬੈਠਣ ਲਈ ਤਰਜੀਹ ਦੇਣਾ ਸ਼ਾਮਲ ਹੋ ਸਕਦਾ ਹੈ।

**ਮੈਂ ਕੀ ਕਰਾਂ ਜੇ ਮੈਨੂੰ ਵੈਕਸੀਨ ਦਿੱਤੇ ਜਾਣ ਦੇ ਸਮੇਂ ਵੈਕਸ ਕਾਰਡ ਨਾ ਮਿਲਿਆ ਹੋਵੇ?**

ਜੇ ਤੁਹਾਨੂੰ COVID-19 ਵੈਕਸੀਨ ਲੈਣ ਦੇ ਸਮੇਂ ਵੈਕਸ ਕਾਰਡ ਨਹੀਂ ਮਿਲਿਆ ਹੈ, ਤਾਂ ਤੁਸੀਂ ਆਪਣੇ ਵੈਕਸੀਨ ਪ੍ਰਦਾਤਾ ਨਾਲ ਸੰਪਰਕ ਕਰ ਸਕਦੇ ਹੋ। ਤੁਸੀਂ ਆਪਣਾ COVID-19 ਟੀਕੇ ਦੇ ਰਿਕਾਰਡ ਨੂੰ www.MyIRMobile.com (ਸਿਰਫ ਅੰਗਰੇਜ਼ੀ ਵਿੱਚ) ਵਿੱਚ ਪ੍ਰਾਪਤ ਕਰ ਸਕਦੇ ਹੋ ਅਤੇ ਮੁਫ਼ਤ ਅਕਾਉਂਟ ਬਣਾ ਸਕਦੇ ਹੋ।

**ਮੈਂ ਕੀ ਕਰਾਂ ਜੇ ਮੇਰਾ ਵੈਕਸ ਕਾਰਡ ਗੁੰਮ ਹੋ ਗਿਆ ਹੋਵੇ?**

ਜੇ ਤੁਹਾਡਾ ਵੈਕਸ ਕਾਰਡ ਗੁੰਮ ਜਾਂਦਾ ਹੈ, ਤਾਂ ਤੁਸੀਂ ਆਪਣੇ ਹੈਲਥਕੇਅਰ ਪ੍ਰਦਾਤਾ ਰਾਹੀਂ COVID-19 ਵੈਕਸੀਨੇਸ਼ਨ ਦਾ ਸਰਕਾਰੀ ਪ੍ਰਮਾਣ-ਪੱਤਰ ਪ੍ਰਾਪਤ ਕਰ ਸਕਦੇ ਹੋ ਜਾਂ www.MyIRMobile.com (ਸਿਰਫ ਅੰਗਰੇਜ਼ੀ ਵਿੱਚ) ਤੇ ਜਾ ਕੇ ਖਾਤਾ ਬਣਾ ਸਕਦੇ ਹੋ।

**MyIR Mobile ਕੀ ਹੈ?**
MyIR Mobile ਇੰਟਰਨੈਟ-ਅਧਾਰਤ ਪੋਰਟਲ ਹੈ ਜੋ ਲੋਕਾਂ ਨੂੰ ਉਨ੍ਹਾਂ ਦੇ ਸਰਕਾਰੀ ਵੈਕਸੀਨੇਸ਼ਨ ਦੇ ਰਿਕਾਰਡਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਤੁਸੀਂ www.MyIRMobile.com (ਸਿਰਫ ਅੰਗਰੇਜ਼ੀ) ਤੇ ਜਾ ਕੇ ਖਾਤਾ ਬਣਾ ਸਕਦੇ ਹੋ।

ਕਿਰਪਾ ਕਰਕੇ ਚੇਤੇ ਰੱਖੋ ਕਿ MyIR Mobile ਇਸ ਵੇਲੇ ਸਿਰਫ ਅੰਗਰੇਜ਼ੀ ਭਾਸ਼ਾ ਵਿੱਚ ਉਪਲਬਧ ਹੈ। ਭਾਸ਼ਾ ਸੰਬੰਧੀ ਸਹਾਇਤਾ ਲਈ, ਜਾਂ ਆਪਣੇ ਰਿਕਾਰਡ ਪ੍ਰਾਪਤ ਕਰਨ ਸੰਬੰਧੀ ਵਾਧੂ ਸਹਾਇਤਾ ਲਈ, ਤੁਸੀਂ ਵਾਸ਼ਿੰਗਟਨ ਸਟੇਟ ਰੋਗ ਪ੍ਰਤੀਰੋਧਕਤਾ ਅਤੇ ਬਾਲ ਪ੍ਰੋਫਾਈਲ ਦਫ਼ਤਰ (Office of Immunization and Child Profile) ਵਿੱਚ ਨਿਯਮਤ ਕਾਰੋਬਾਰੀ ਘੰਟਿਆਂ ਦੌਰਾਨ 360-236-3595 'ਤੇ ਕਾਲ ਕਰਕੇ ਜਾਂ waiisrecords@doh.wa.gov 'ਤੇ ਈ-ਮੇਲ ਕਰਕੇ ਸੰਪਰਕ ਕਰ ਸਕਦੇ ਹੋ।

ਮੈਂ ਆਪਣੇ ਬੱਚੇ ਦਾ **COVID**-19 ਦਾ ਵੈਕਸੀਨੇਸ਼ਨ ਰਿਕਾਰਡ ਕਿਵੇਂ ਪ੍ਰਾਪਤ ਕਰਾਂ**?**
ਵੈਕਸੀਨੇਸ਼ਨ ਦੇ ਬਾਅਦ ਤੁਹਾਡੇ ਬੱਚੇ ਨੂੰ CDC ਵੈਕਸ ਕਾਰਡ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ। ਇਹ ਚੰਗਾ ਵਿਚਾਰ ਹੈ ਕਿ ਤੁਸੀਂ ਇਸ ਕਾਰਡ ਨੂੰ ਆਪਣੇ ਕਾਰਡ ਵਾਂਗ ਹੀ ਸੁਰੱਖਿਅਤ ਤਰੀਕੇ ਨਾਲ ਸਟੋਰ ਕਰ ਕੇ ਰੱਖੋ। ਉੱਪਰ ਦਿੱਤੇ ਸਟੋਰੇਜ ਵਿਕਲਪਾਂ ਦੀ ਸੂਚੀ ਦੇਖੋ।

ਜੇ ਤੁਹਾਡੇ ਬੱਚੇ ਦਾ CDC ਵੈਕਸ ਕਾਰਡ ਨਹੀਂ ਹੈ, ਤਾਂ ਤੁਸੀਂ ਉਨ੍ਹਾਂ ਦੇ ਬਾਲ ਰੋਗ ਵਿਗਿਆਨੀ ਜਾਂ ਵੈਕਸੀਨ ਪ੍ਰਦਾਤਾ ਤੋਂ ਸਰਕਾਰੀ ਕਾਪੀ ਪ੍ਰਾਪਤ ਕਰ ਸਕਦੇ ਹੋ। ਤੁਸੀਂ www.MyIRMobile.com (ਸਿਰਫ ਅੰਗਰੇਜ਼ੀ ਵਿੱਚ) 'ਤੇ ਜਾ ਕੇ ਇੱਕ ਪਰਿਵਾਰਕ ਖਾਤਾ ਬਣਾ ਸਕਦੇ ਹੋ ਅਤੇ ਆਪਣੇ ਬੱਚੇ ਦੀ ਪ੍ਰੋਫਾਈਲ ਨੂੰ ਆਪਣੇ ਪ੍ਰੋਫਾਈਲ ਵਿੱਚ ਸ਼ਾਮਲ ਕਰ ਸਕਦੇ ਹੋ।

**ਕੀ ਹੋਵੇਗਾ ਜੇ ਮੈਨੂੰ ਵਾਸ਼ਿੰਗਟਨ ਸਟੇਟ ਦੇ ਬਾਹਰ ਵੈਕਸੀਨੇਸ਼ਨ ਕੀਤਾ ਗਿਆ ਸੀ?**
ਜੇ ਤੁਹਾਨੂੰ ਵਾਸ਼ਿੰਗਟਨ ਸਟੇਟ ਵਿੱਚ ਵੈਕਸੀਨੇਸ਼ਨ ਨਹੀਂ ਕੀਤਾ ਗਿਆ ਸੀ, ਤਾਂ ਤੁਹਾਡੇ ਵੈਕਸੀਨੇਸ਼ਨ ਦੇ ਰਿਕਾਰਡ MyIR Mobile 'ਤੇ ਦਿਖਾਈ ਨਹੀਂ ਦੇਣਗੇ। ਕਿਰਪਾ ਕਰਕੇ ਇਹ ਯਕੀਨੀ ਕਰੋ ਕਿ ਤੁਹਾਡੇ ਕੋਲ COVID-19 ਵੈਕਸੀਨੇਸ਼ਨ ਦਾ ਕੋਈ ਦੂਜਾ ਪ੍ਰਮਾਣ-ਪੱਤਰ ਉਪਲਬਧ ਹੈ, ਜਿਵੇਂ ਕਿ ਤੁਹਾਡਾ CDC ਵੈਕਸ ਕਾਰਡ ਜਾਂ ਹੋਰ ਪ੍ਰਮਾਣਿਤ ਰਿਕਾਰਡ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਤੋਂ ਪ੍ਰਾਪਤ ਕੀਤਾ ਹੈ।

ਜੇ ਤੁਹਾਡਾ ਵੈਕਸੀਨੇਸ਼ਨ ਅਮਰੀਕਾ ਵਿੱਚ ਕੀਤਾ ਗਿਆ ਹੈ, ਤਾਂ ਆਪਣੇ ਦੇਸ਼ ਦੇ ਵੈਕਸੀਨੇਸ਼ਨ ਦਾ ਪ੍ਰਮਾਣ-ਪੱਤਰ ਆਪਣੇ ਨਾਲ ਰੱਖੋ।

**ਮੈਂ ਆਪਣੇ ਜਾਂ ਆਪਣੇ ਪਰਿਵਾਰ ਦੇ ਸਾਰੇ ਵੈਕਸੀਨੇਸ਼ਨ ਰਿਕਾਰਡ ਕਿਵੇਂ ਪ੍ਰਾਪਤ ਕਰ ਸਕਦਾ ਹਾਂ (**COVID-**19 ਅਤੇ ਹੋਰ)**?
ਆਪਣੇ ਜਾਂ ਆਪਣੇ ਪਰਿਵਾਰ ਦੇ ਸਾਰੇ ਵੈਕਸੀਨੇਸ਼ਨ ਰਿਕਾਰਡ ਪ੍ਰਾਪਤ ਕਰਨ ਲਈ, ਤੁਸੀਂ ਆਪਣੇ ਪ੍ਰਾਈਮਰੀ ਹੈਲਥਕੇਅਰ ਪ੍ਰਦਾਤਾ ਨਾਲ ਸੰਪਰਕ ਕਰ ਸਕਦੇ ਹੋ ਜਾਂ wa.MyIR.net (ਸਿਰਫ ਅੰਗਰੇਜ਼ੀ ਵਿੱਚ) ਜਾ ਕੇ ਅਕਾਉਂਟ ਬਣਾ ਸਕਦੇ ਹੋ।

ਭਾਸ਼ਾ ਸੰਬੰਧੀ ਸਹਾਇਤਾ ਲਈ, ਜਾਂ ਆਪਣੇ ਰਿਕਾਰਡ ਪ੍ਰਾਪਤ ਕਰਨ ਸੰਬੰਧੀ ਵਾਧੂ ਸਹਾਇਤਾ ਲਈ, ਤੁਸੀਂ ਵਾਸ਼ਿੰਗਟਨ ਸਟੇਟ ਰੋਗ ਪ੍ਰਤੀਰੋਧਕਤਾ ਅਤੇ ਬਾਲ ਪ੍ਰੋਫਾਈਲ ਦਫ਼ਤਰ (Office of Immunization and Child Profile) ਵਿੱਚ ਨਿਯਮਤ ਕਾਰੋਬਾਰੀ ਘੰਟਿਆਂ ਦੌਰਾਨ 360-236-3595 'ਤੇ ਕਾਲ ਕਰਕੇ ਜਾਂ waiisrecords@doh.wa.gov 'ਤੇ ਈ-ਮੇਲ ਕਰਕੇ ਸੰਪਰਕ ਕਰ ਸਕਦੇ ਹੋ।

Washington State Department of
Health

DOH 348-819 June 2021

ਕਿਸੇ ਦੂਸਰੇ ਰੂਪ ਵਿੱਚ ਇਹ ਦਸਤਾਵੇਜ਼ ਲੈਣ ਲਈ, 1-800-525-0127 'ਤੇ ਕਾਲ ਕਰੋ। ਬਹਿਰੇ ਜਾਂ ਗੂੰਗੇ ਲੋਕਾਂ ਲਈ, ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।